# ਦਫ਼ਤਰ ਸਟੇਟ ਪ੍ਰੋਜੈਕਟ ਡਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਸੇਵਾ ਵਿਖੇ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਪੱਤਰ ਨੰ:2/SSA/GE/2012-13/77853-77874 ਮਿਤੀ :- 16.04.2012

**ਵਿਸ਼ਾ:** **ਸਰਵ ਸਿੱਖਿਆ ਅਭਿਆਨ, ਪੰਜਾਬ ਅਧੀਨ ਸਾਲ 2012-13 ਦੌਰਾਨ ਗਰਲਜ਼ ਐਜੂਕੇਸ਼ਨ ਕੰਪੋਨੈਂਟ ਪਲਾਨ ਨੂੰ ਲਾਗੂ ਕਰਨ ਲਈ ਹਦਾਇਤਾਂ।**

ਸਰਵ ਸਿੱਖਿਆ ਅਭਿਆਨ, ਪੰਜਾਬ ਅਧੀਨ ਸਾਲ 2012-13 ਲਈ ਲੜਕੀਆਂ ਦੀ ਐਜੂਕੇਸ਼ਨ ਨੂੰ ਪ੍ਰੋਤਸਾਹਿਤ ਕਰਨ ਲਈ ਭਾਰਤ ਸਰਕਾਰ ਵੱਲੋਂ ਸਮੂਹ ਜ਼ਿਲ੍ਹਿਆਂ ਵਾਸਤੇ ਕੁੱਲ 440.00 ਲੱਖ ਰੁਪਏ (20.00 ਲੱਖ ਪ੍ਰਤੀ ਜਿਲ੍ਹਾ) ਦਾ ਬਜਟ ਮਨਜ਼ੂਰ ਕੀਤਾ ਗਿਆ ਹੈ। ਵਿਸਥਾਰ ਪਲਾਨ ਦਾ ਜ਼ਿਲ੍ਹਾਵਾਰ ਵੇਰਵਾ ਹੇਠ ਅਨੁਸਾਰ ਹੈ:-

| S. No. | Districts | Sports Kit | | | Exposure Visit | | | Adolescent Education and Health Education for Girls | | | Martial Art | | |
|---|---|---|---|---|---|---|---|---|---|---|---|---|---|
| | | Unit Cost | Physical | Financial | Unit Cost | Physical | Financial | Unit Cost | Physical | Financial | Unit Cost | Physical | Financial |
| 1 | Amritsar | 0.1 | 102 | 10.20 | 0.07 | 80 | 5.60 | 0.01 | 20 | 0.20 | 0.08 | 50 | 4.00 |
| 2 | Barnala | 0.1 | 100 | 10.00 | 0.07 | 60 | 4.20 | 0.01 | 180 | 1.80 | 0.08 | 50 | 4.00 |
| 3 | Bathinda | 0.1 | 100 | 10.00 | 0.07 | 100 | 7.00 | 0.01 | 60 | 0.60 | 0.08 | 30 | 2.40 |
| 4 | Faridkot | 0.1 | 101 | 10.10 | 0.07 | 70 | 4.90 | 0.01 | 100 | 1.00 | 0.08 | 50 | 4.00 |
| 5 | Fatehgarh sahib | 0.1 | 100 | 10.00 | 0.07 | 70 | 4.90 | 0.01 | 110 | 1.10 | 0.08 | 50 | 4.00 |
| 6 | Fazilka | 0.1 | 100 | 10.00 | 0.07 | 50 | 3.50 | 0.01 | 250 | 2.50 | 0.08 | 50 | 4.00 |
| 7 | Ferozepur | 0.1 | 100 | 10.00 | 0.07 | 50 | 3.50 | 0.01 | 250 | 2.50 | 0.08 | 50 | 4.00 |
| 8 | Gurdaspur | 0.1 | 80 | 8.00 | 0.07 | 100 | 7.00 | 0.01 | 100 | 1.00 | 0.08 | 50 | 4.00 |
| 9 | Hoshiarpur | 0.1 | 100 | 10.00 | 0.07 | 100 | 7.00 | 0.01 | 100 | 1.00 | 0.08 | 25 | 2.00 |
| 10 | Jalandhar | 0.1 | 100 | 10.00 | 0.07 | 50 | 3.50 | 0.01 | 250 | 2.50 | 0.08 | 50 | 4.00 |
| 11 | Kapurthala | 0.1 | 60 | 6.00 | 0.07 | 100 | 7.00 | 0.01 | 100 | 1.00 | 0.08 | 75 | 6.00 |
| 12 | Ludhiana | 0.1 | 50 | 5.00 | 0.07 | 100 | 7.00 | 0.01 | 400 | 4.00 | 0.08 | 50 | 4.00 |
| 13 | Mansa | 0.1 | 50 | 5.00 | 0.07 | 100 | 7.00 | 0.01 | 400 | 4.00 | 0.08 | 50 | 4.00 |
| 14 | Moga | 0.1 | 50 | 5.00 | 0.07 | 150 | 10.50 | 0.01 | 50 | 0.50 | 0.08 | 50 | 4.00 |
| 15 | Mohali | 0.1 | 75 | 7.50 | 0.07 | 100 | 7.00 | 0.01 | 70 | 0.70 | 0.08 | 60 | 4.80 |
| 16 | Muktsar | 0.1 | 30 | 3.00 | 0.07 | 106 | 7.42 | 0.01 | 150 | 1.50 | 0.08 | 101 | 8.08 |
| 17 | Nanwanshehr | 0.1 | 50 | 5.00 | 0.07 | 122 | 8.54 | 0.01 | 246 | 2.46 | 0.08 | 50 | 4.00 |
| 18 | Pathankot | 0.1 | 80 | 8.00 | 0.07 | 100 | 7.00 | 0.01 | 100 | 1.00 | 0.08 | 50 | 4.00 |
| 19 | Patiala | 0.1 | 100 | 10.00 | 0.07 | 114 | 7.98 | 0.01 | 122 | 1.22 | 0.08 | 10 | 0.80 |
| 20 | Ropar | 0.1 | 100 | 10.00 | 0.07 | 38 | 2.66 | 0.01 | 494 | 4.94 | 0.08 | 30 | 2.40 |
| 21 | Sangrur | 0.1 | 40 | 4.00 | 0.07 | 100 | 7.00 | 0.01 | 100 | 1.00 | 0.08 | 100 | 8.00 |
| 22 | Tarn Taran | 0.1 | 56 | 5.60 | 0.07 | 120 | 8.40 | 0.01 | 200 | 2.00 | 0.08 | 50 | 4.00 |
| **Total** | | | **1724** | **172.40** | | **1980** | **138.60** | | **3852** | **38.52** | | **1131** | **90.48** |

ਪਲਾਨ ਨੂੰ ਲਾਗੂ ਕਰਨ ਲਈ ਹੇਠ ਲਿਖੀਆਂ ਗਤੀਵਿਧੀਆਂ ਕੀਤੀਆਂ ਜਾਣਗੀਆਂ ਜਿਸ ਲਈ ਗਾਈਡ ਲਾਈਨਜ਼ ਨਿਮਨ ਅਨੁਸਾਰ ਹਨ:

1. **Adolescent Education and Health Education for Girls** :-

ਇਸ ਗਤੀਵਿਧੀ ਅਧੀਨ ਹਰੇਕ ਚੁਣਿੰਦਾ ਸਕੂਲ ਵਿਚ ਲੜਕੀਆਂ ਦੀ ਸਿਹਤ ਅਤੇ ਉਨ੍ਹਾਂ ਦੇ adolescent ਮੁੱਦਿਆਂ ਉੱਪਰ ਕੈਂਪ ਲਗਵਾਏ ਜਾਣਗੇ। ਇਨ੍ਹਾਂ ਕੈਂਪਾਂ ਵਿਚ ਕਿਸੇ ਵੀ ਨਜ਼ਦੀਕੀ ਮਹਿਲਾ ਡਾਕਟਰ ਨੂੰ ਬੁਲਾ ਕੇ ਬੱਚਿਆਂ ਨੂੰ ਉਨ੍ਹਾਂ ਦੀ ਸਿਹਤ ਅਤੇ ਪਰੋੜ ਅਵਸਥਾ ਦੀਆਂ ਹੋਰ ਸਮੱਸਿਆਵਾਂ ਸੰਬੰਧੀ ਜਾਣਕਾਰੀ ਦਿੱਤੀ ਜਾਵੇਗੀ।

ਡਾਕਟਰ ਨੂੰ ਇੱਕ ਵੀਜ਼ਿਟ ਲਈ 200 ਰੁਪਏ ਦਾ ਮਾਣਭੱਤਾ ਦਿੱਤਾ ਜਾਵੇਗਾ। ਇੱਕ ਸਕੂਲ ਵਿਚ ਇਹ ਕੈਂਪ ਸਾਲ ਵਿਚ 05 ਵਾਰ ਲਗਵਾਏ ਜਾਣਗੇ।

2. **ਐਕਸਪੋਜ਼ਰ ਵਿਜ਼ਿਟ :**

ਲੜਕੀਆਂ ਨੂੰ ਜੁਲਾਈ-ਅਗਸਤ ਦੇ ਮਹੀਨੇ ਵਿੱਚ ਨੇੜਲੇ ਮਹੱਤਵਪੂਰਣ ਵਿੱਦਿਅਕ ਜਾਂ ਇਤਿਹਾਸਕ ਸਥਾਨਾਂ ਦੀ ਐਕਸਪੋਜ਼ਰ ਵਿਜ਼ਿਟ ਕਰਵਾਈ ਜਾਵੇਗੀ। ਐਕਸਪੋਜ਼ਰ ਵਿਜ਼ਿਟ ਲਈ ਸੰਭਾਵੀ ਸਥਾਨਾਂ ਦੀ ਸੂਚੀ '**ਅਨੁਲੱਗ-ੳ**' ਅਨੁਸਾਰ ਭੇਜੀ ਜਾਂਦੀ ਹੈ ।ਲੜਕੀਆਂ ਦੇ ਰੁਝਾਣ ਮੁਤਾਬਿਕ ਕਿਸੇ ਵੀ ਜਗ੍ਹਾ ਨੂੰ ਸਿਲੈਕਟ ਕੀਤਾ ਜਾ ਸਕਦਾ ਹੈ ।ਉਹਨਾਂ ਸਕੂਲੀ ਲੜਕੀਆਂ/ਸਕੂਲਾਂ ਨੂੰ ਤਰਜੀਹ ਦਿੱਤੀ ਜਾਵੇਗੀ ਜਿਨ੍ਹਾਂ ਨੂੰ ਪਿਛਲੇ ਸਾਲ ਦੌਰਾਨ ਐਕਸਪੋਜ਼ਰ ਵਿਜ਼ਿਟ ਨਹੀ ਕਰਵਾਈ ਗਈ ਸੀ। ਐਕਸਪੋਜ਼ਰ ਵਿਜ਼ਿਟ ਲਈ 7000 ਰੁਪਏ ਪ੍ਰਤੀ ਸਕੂਲ ਦੇ ਹਿਸਾਬ ਨਾਲ ਫੰਡਜ਼ ਨਿਸ਼ਚਿਤ ਕੀਤੇ ਗਏ ਹਨ।ਇਹ ਫੰਡ ਟ੍ਰਾਂਸਪੋਰਟੇਸ਼ਨ ਦੇ ਇੰਤਜ਼ਾਮ ਅਤੇ ਲੜਕੀਆਂ ਨੂੰ ਰਿਫੈਰਸ਼ਮੈਂਟ ਦੇਣ ਲਈ ਖਰਚ ਕੀਤਾ ਜਾਵੇਗਾ। ਐਕਸਪੋਜ਼ਰ ਵਿਜ਼ਿਟ ਕਰਵਾਉਣ ਤੋਂ ਬਾਅਦ '**ਅਨੁਲੱਗ-ਅ**' ਅਨੁਸਾਰ ਡਿਟੇਲ ਮੁੱਖ ਦਫਤਰ ਵਿਖੇ ਜਮਾਂ ਕਰਵਾਈ ਜਾਵੇਗੀ।

3. **ਮਾਰਸ਼ਲ ਆਰਟ :**

ਸਾਰੇ ਜ਼ਿਲ੍ਹਿਆਂ ਵਿਚ ਪ੍ਰਵਾਨਿਤ ਪਲਾਨ ਅਨੁਸਾਰ ਲੜਕੀਆਂ ਨੂੰ ਜਿਥੋਂ ਤੱਕ ਹੋ ਸਕੇ ਸਵੇਰੇ ਦੇ ਪਹਿਲੇ ਸਮੇਂ ਮਾਰਸ਼ਲ ਆਰਟ ਸਿਖਾਇਆ ਜਾਵੇਗਾ।ਜੇਕਰ ਇਸ ਸਮੇਂ ਦੌਰਾਨ ਕੋਈ ਟੈਸਟ ਜਾਂ ਹੋਰ ਜਰੂਰੀ ਗਤੀਵਿਧੀ ਕਰਨੀ ਲਾਜਮੀ ਹੋਵੇ ਤਾਂ ਸਕੂਲ ਮੁੱਖੀ ਆਪਣੀ ਸੂਝ ਅਨੁਸਾਰ ਬਦਲਵਾਂ ਪ੍ਰਬੰਧ ਕਰ ਸਕਦੇ ਹਨ ਮਾਰਸ਼ਲ ਆਰਟ ਦੀ ਟ੍ਰੇਨਿੰਗ ਦੇਣ ਲਈ ਤਕਨੀਕੀ ਮਾਹਿਰ ਦਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫ਼ਸਰ ਆਪਣੇ ਪਧੱਰ ਤੇ ਕਰਨਗੇ।ਤਕਨੀਕੀ ਮਾਹਿਰ ਨੂੰ ਟ੍ਰੇਨਿੰਗ ਦੇਣ ਲਈ 125 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਮਿਹਨਤਾਨਾ ਦਿੱਤਾ ਜਾਵੇਗਾ।

ਇਹ ਗਤੀਵਿਧੀ ਇਕ ਸਕੂਲ ਵਿੱਚ 40 ਦਿਨ ਲਈ ਕੀਤੀ ਜਾਵੇਗੀ। ਪ੍ਰਤੀ ਸਕੂਲ ਲਈ 8000 ਰੁਪਏ ਦੀ ਰਾਸ਼ੀ ਰਿਲੀਜ਼ ਕੀਤੀ ਜਾਵੇਗੀ ਜਿਸ ਵਿੱਚ 3000 ਰੁਪਏ ਲੜਕੀਆਂ ਨੂੰ ਰਿਫਰੈਸ਼ਮੈਂਟ ਦੇਣ ਲਈ ਵਰਤੇ ਜਾਣਗੇ। ਇਹ ਗਤੀਵਿਧੀ ਅਗਸਤ-ਸਤੰਬਰ ਮਹੀਨੇ ਦੌਰਾਨ ਕਰਵਾਈ ਜਾਵੇ। ਮਾਰਸ਼ਲ ਆਰਟ ਦੀ ਗਤੀਵਿਧੀ ਲਈ ਜ਼ਿਲ੍ਹਾਵਾਰ ਸਕੂਲਾਂ ਦੀ ਗਿਣਤੀ ਅਤੇ ਬਜਟ ਦਾ ਵੇਰਵਾ ਪਹਿਲਾਂ ਹੀ ਉੱਪਰ ਦਿੱਤਾ ਜਾ ਚੁੱਕਾ ਹੈ।

4. **ਸਪੋਰਟਸ ਐਕਟੀਵਿਟੀ :-**

ਸਕੂਲਾਂ ਵਿਚ ਖੇਡਾਂ ਨੂੰ ਤਰਜੀਹ ਦੇਣ ਲਈ ਸਾਲ 2012-13 ਦੋਰਾਨ ਉਪਰੋਕਤ ਦਿੱਤੇ ਵੇਰਵੇ ਅਨੁਸਾਰ ਚੁਣਿੰਦਾ ਸਕੂਲਾਂ ਵਿਚ sports kits ਦਿੱਤੀਆਂ ਜਾਣਗੀਆਂ। ਲੜਕੀਆਂ ਨੂੰ ਰੋਜਾਨਾਂ games ਖਿਡਾਈਆਂ ਜਾਣਗੀਆਂ ਅਤੇ ਸਕੂਲਾਂ ਵਿਚ ਖੇਡ ਮੁਕਾਬਲੇ ਕਰਵਾਏ ਜਾਣਗੇ। "14 ਨਵੰਬਰ-

Children Day" ਨੂੰ ਹਰੇਕ ਚੁਣਿੰਦਾ ਸਕੂਲ ਵਿਚ ਇੱਕ ਖੇਡ ਮੁਕਾਬਲਾ ਕਰਵਾਇਆ ਜਾਵੇਗਾ ਜਿਸ ਵਿਚ ਬੱਚਿਆਂ ਦੇ ਮਾਪਿਆਂ ਅਤੇ community ਮੈਂਬਰਾਂ ਨੂੰ ਬੁਲਾਇਆ ਜਾਵੇਗਾ।

ਇਸ ਗਤੀਵਿਧੀ ਲਈ ਹਰੇਕ ਚੁਣਿੰਦਾ ਸਕੂਲ ਨੂੰ 10,000 ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ ਜਿਸ ਵਿਚੋਂ 8000 ਰੁਪਏ ਦੀ sports kit ਖਰੀਦੀ ਜਾਵੇਗੀ ਅਤੇ 2000 ਰੁਪਏ ਨਾਲ 14 ਨਵੰਬਰ ਨੂੰ ਬੱਚਿਆਂ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ ਅਤੇ ਅਵੱਲ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

5. **Community Awareness for Girls Empowerment:-**

ਪੰਜਾਬ ਵਿਚ sex ratio ਨੂੰ ਉੱਪਰ ਚੁੱਕਣ ਲਈ ਸਮਾਜ ਵਿਚ ਲੜਕੀਆਂ ਦੀ ਮਹੱਤਵਤਾ ਨੂੰ ਸਮਝਾਉਣ ਲਈ ਕੰਮਿਊਨੀਟੀ ਟ੍ਰੇਨਿੰਗ ਪ੍ਰੋਗਰਾਮਾਂ ਦੋਰਾਨ ਭਰੂਣ ਹੱਤਿਆ ਨੂੰ ਰੋਕਣ, ਦਾਜ ਪ੍ਰਥਾ ਨੂੰ ਖਤਮ ਕਰਨ, ਸਰਕਾਰ ਦੁਆਰਾ ਲੜਕੀਆਂ ਦੀ ਪੜਾਈ ਲਈ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ, ਲੜਕੀਆਂ ਲਈ ਚੱਲ ਰਹੀਆਂ ਵੱਖ-ਵੱਖ ਸਕੀਮਾਂ ਆਦਿ ਬਾਰੇ ਦੱਸਿਆ ਜਾਵੇਗਾ। ਇਸ ਗਤੀਵਿਧੀ ਲਈ ਸੰਬੰਧਤ ਜ਼ਿਲ੍ਹੇ ਦੇ ਜੈਂਡਰ ਕੋਆਰਡੀਨੇਟਰ ਦੀ ਜਿੰਮੇਵਾਰੀ ਹੋਵੇਗੀ ਕਿ Community Programmes ਦੌਰਾਨ ਲੜਕੀਆਂ ਦੀ ਸਿੱਖਿਆ ਦੀ ਮਹੱਤਵਤਾ ਨੂੰ ਦੱਸਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

6. ਸਕੂਲਾਂ ਦੀ ਚੋਣ ਕਰਨ ਸਮੇਂ ਧਿਆਨ ਰੱਖਿਆ ਜਾਵੇ ਕਿ ਹਰੇਕ ਗਤੀਵਿਧੀ ਲਈ ਵੱਖਰੇ ਸਕੂਲਾਂ ਦੀ ਚੌਣ ਕੀਤੀ ਜਾਵੇ ਅਤੇ ਉਨ੍ਹਾਂ ਸਕੂਲਾਂ ਨੂੰ ਤਰਜੀਹ ਦਿੱਤੀ ਜਾਵੇ ਜਿਨ੍ਹਾਂ ਵਿਚ ਪਹਿਲੇ ਸਾਲ ਦੌਰਾਨ ਇਹ ਗਤੀਵਿਧੀ ਨਹੀਂ ਕਰਵਾਈ ਗਈ। ਇਹ ਵੀ ਧਿਆਨ ਵਿਚ ਰੱਖਿਆ ਜਾਵੇ ਕਿ ਮਾਰਸ਼ਲ ਆਰਟ ਅਤੇ ਐਕਸਪੋਜ਼ਰ ਵੀਜ਼ਿਟ ਲਈ ਉਹੀ ਸਕੂਲ ਚੁੱਣੇ ਜਾਣ ਜੋ ਐਸ.ਸੀ. ਕੰਪੋਨੈਂਟ ਹੇਠ ਕਵਰ ਨਹੀਂ ਕੀਤੇ ਗਏ।

**ਨੱਥੀ : ਅਨੁਲੱਗ 'ੳ' ਅਤੇ 'ਅ' ।** **ਸਹੀ-**

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

**ਪਿਠ ਅੰਕਣ ਨੰ:2/SSA/GE/2012-13/77875-77896** **ਮਿਤੀ** 16.04.2012

ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਗਰਲਜ਼ ਐਜੂਕੇਸ਼ਨ 2012-13 ਪਲਾਨ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

-ਸਹੀ-

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

**ਪਿਠ ਅੰਕਣ ਨੰ:2/SSA/GE/2012-13/77897-77898** **ਮਿਤੀ** 16.04.2012

ਉਤਾਰਾ ਡੀ.ਪੀ.ਆਈ (ਐ.ਸਿ) ਅਤੇ (ਸੈ.ਸਿ), ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

-ਸਹੀ-

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**